International Journal of Information Movement Vol.I Issue VI (October 2016)
Website: ijim.in ISSN: 2456-0553 (online) Pages 06-10

# ਵਿਆਹ ਦੀਆਂ ਰਸਮਾਂ ਦਾ ਅੱਜ ਦੇ ਸੰਦਰਭ ਵਿੱਚ ਅਰਥ

**Dr. Kamalmeet (Lecturer)**
Khalsa College for Women
Civil Lines, Ludhiana
E-mail: kamalm14278@yahoo.co.in

ਸਾਰ:-

ਕਿਸੇ ਵੀ ਖਿੱਤੇ ਵਿੱਚ ਰਹਿੰਦੇ ਲੋਕ ਆਪਣੇ ਸਮਾਜ ਅਤੇ ਸੱਭਿਆਚਾਰ ਵਿੱਚ ਹੀ ਉਸਰਦੇ ਹਨ। ਲੋਕਾਂ ਦੀ ਜ਼ਿੰਦਗੀ ,ਰਸਮੋਂ-ਰਿਵਾਜ ,ਰਿਸ਼ਤੇ-ਨਾਤੇ ਉਸ ਸਮਾਜਿਕ ਪ੍ਰਬੰਧ ਅਨੁਸਾਰ ਹੀ ਉਸਰਦੇ ਹਨ। ਕਿਉਂਕਿ ਸਮਾਜਿਕ ਪ੍ਰਬੰਧ ਵਿੱਚ ਉਸਰਦੀਆਂ ਸਮਾਜਿਕ ਸਿਰਜਣਾਵਾਂ ਰਸਮਾਂ ,ਗੀਤ ,ਤਿਉਹਾਰ ,ਮਿੱਥ ਰਾਹੀਂ ਮਨੁੱਖ ਦੀ ਮਾਨਸਿਕਤਾ ਨੂੰ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਢਾਲਿਆ ਜਾਂਦਾ ਹੈ। ਸੋ ਇਹ ਸਿਰਜਣਾਵਾਂ ਸਿੱਖਿਆ ਦੇ ਅਦਾਰੇ ਬਣਦੀਆਂ ਹਨ ਪਰ ਸਿੱਖਿਆ ਦੇ ਅਦਾਰੇ ਸਮਾਂ ਪਰਿਵਰਤਨ ਦੇ ਨਾਲ-ਨਾਲ ਬਦਲਦੇ ਜਾ ਰਹੇ ਹਨ। ਭਾਸ਼ਾ ,ਸਮਾਜ ਅਤੇ ਸੱਭਿਆਚਾਰ ਮਨੁੱਖ ਦੀਆਂ ਸਿਰਜਣਾਵਾਂ ਹਨ। ਮਨੁੱਖ ਆਪਣੀ ਸੋਚਣ-ਸਮਝਣ ਸ਼ਕਤੀ ਅਤੇ ਚੇਤੰਨਤਾ ਦੇ ਅਧਾਰ ’ਤੇ ਸਮਾਜ ਨੂੰ ਦੇਖਦਾ ਹੈ ਅਤੇ ਉਹ ਸਮਾਜਿਕ ਸਿਰਜਣਾਵਾਂ ਨੂੰ ਸਮੇਂ ਅਨੁਸਾਰ ਨਵੇਂ ਅਰਥ ਦਿੰਦਾ ਰਹਿੰਦਾ ਹੈ। ਸਰੰਚਨਾਵਾਂ ਦਾ ਬਦਲਾਵ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਮਨੁੱਖ ਕਿਨ੍ਹਾਂ ਹਾਲਾਤਾਂ ਵਿੱਚ ਜ਼ਿੰਦਗੀ ਜੀਅ ਰਿਹਾ ਹੁੰਦਾ ਹੈ। ਇਹ ਬਦਲਾਵ ਉਸਦੇ ਆਲੇ-ਦੁਆਲੇ ਤੋਂ ਹੀ ਆਉਂਦਾ ਹੈ। ਭਾਵੇਂ ਅਜੋਕੇ ਯੁਗ ਵਿੱਚ ਰਸਮਾਂ ਦੀ ਇੱਕ ਪੂਰੀ ਲੜੀ ਵੇਖਣ ਨੂੰ ਮਿਲਦੀ ਹੈ ਪਰ ਇਸਦੇ ਅਰਥਾਂ (Significance) ਨੂੰ ਪਰੰਪਰਕ ਢਾਂਚੇ ਵਿੱਚ ਪਾ ਕੇ ਨਹੀਂ ਵੇਖਿਆ ਜਾ ਸਕਦਾ।ਸਮਾਜਿਕ ਜ਼ਿੰਦਗੀ ਅਨੁਸਾਰ ਲੋਕਾਂ ਦੀ ਜ਼ਿੰਦਗੀ ਦੇ ਅਮਲ ਵਿੱਚੋਂ ਸਿਰਜੀਆਂ ਰਚਨਾਤਮਕ ਸਿਰਜਣਾਵਾਂ ਵਿੱਚ ਬਦਲ ਰਹੀ ਲੋਕਾਂ ਦੀ ਜੀਵਨ ਸ਼ੈਲੀ ਅਤੇ ਰਹਿਤਲ ਅਨੁਸਾਰ ਪਰਿਵਰਤਨ ਆ ਰਿਹਾ ਹੈ। ਲੋਕ-ਧਾਰਾ ਇੱਕ ਅਜਿਹਾ ਵਰਤਾਰਾ ਹੈ ਜਿਸ ਵਿੱਚ ਲੋਕ ਸਮੇਂ-ਸਮੇਂ ਦਖ਼ਲਅੰਦਾਜ਼ੀ ਕਰਕੇ ਉਸਨੂੰ ਨਵੇਂ ਅਰਥ ਦਿੰਦਾ ਹੈ। ਸੋ ਰਸਮਾਂ ਨੂੰ ਅੱਜ ਦੇ ਸੰਦਰਭ ਵਿੱਚ ਸਮਝਣ ਲਈ ਸਮੁੱਚਾ ਪੈਰਾਡਾਈਮ (Paradigm Shift) ਦੀ ਲੋੜ ਹੈ।

ਕੂੰਜੀਗਤ ਸ਼ਬਦ :- **ਵਿਆਹ ਦੀਆਂ ਰਸਮਾਂ,** ਸੰਕਟ ਗ੍ਰਸਤ ਰਸਮਾਂ, ਸਮਾਜਿਕ ਰੁਤਬੇ

ਮਨੁੱਖ ਆਪਣੀ ਜ਼ਿੰਦਗੀ ਦਾ ਸਫ਼ਰ ਤੈਅ ਕਰਦਿਆਂ ਤਿੰਨ ਪੜਾਵਾਂ ਵਿੱਚੋਂ ਗੁਜ਼ਰਦਾ ਹੈ: ਜਨਮ ,ਵਿਆਹ ਅਤੇ ਮੌਤ। ਇਹਨਾਂ ਪੜਾਵਾਂ ਵਿੱਚੋਂ ਲੰਘਦਾ ਮਨੁੱਖ ਆਪਣੇ ਆਪ ਨੂੰ ਅਨੇਕਾਂ ਤਰ੍ਹਾਂ ਦੀਆਂ ਰਸਮਾਂ ਅਤੇ ਪਰੰਪਰਾਵਾਂ ਦੇ ਘੇਰੇ ਵਿੱਚ ਦੇਖਦਾ ਹੈ। ਮਨੁੱਖ ਦੇ ਸਾਰੇ ਰਿਸ਼ਤੇ-ਨਾਤੇ ਵੀ ਇਹਨਾਂ ਤਿੰਨ ਮੁੱਖ ਸਥਿਤੀਆਂ ਦੇ ਆਲੇ-ਦੁਆਲੇ ਹੀ ਘੁੰਮਦੇ ਹਨ। ਇਹ ਘਟਨਾਵਾਂ ਹੀ ਵਰਤਮਾਨ ਵਿੱਚ ਮਨੁੱਖ ਦੀ ਹੋਂਦ ਦਾ ਅਹਿਸਾਸ ਅਤੇ ਭਵਿੱਖ ਵਿੱਚ ਉਸਦੀ ਨਿਰੰਤਰਤਾ ਦਾ ਆਧਾਰ ਹਨ। ਇਹ ਰਸਮਾਂ ਮਨੁੱਖ ਦੀ ਉਤਪਤੀ ਅਤੇ ਵਾਧੇ ਦੇ ਸਬੰਧ ਵਿੱਚ ਵਿਚਰਦੀਆਂ ਹਨ ਅਤੇ ਉਸ ਲਈ ਖੁਸ਼ੀਆਂ ਭਰਿਆ ਸੰਦੇਸ਼ ਵੀ ਹਨ। ਵੈਨ ਗੈਨਪ ਇਹਨਾਂ ਨੂੰ ਸੰਕਟ ਗ੍ਰਸਤ ਰਸਮਾਂ (Life Crisis Rites) ਕਹਿੰਦਾ ਹੈ। ਕਿਉਂਕਿ ਇਹਨਾਂ ਵਿੱਚੋਂ ਲੰਘਦਾ ਮਨੁੱਖ ਗੁੰਝਲਦਾਰ ਪਰਿਸਥਿਤੀਆਂ ਦਾ ਸਾਹਮਣਾ ਕਰਦਾ ਹੈ। ਇਹ ਬਦਲਾਵ ਪ੍ਰਕਿਰਿਆ (Transformational Period) ਦਾ ਸਮਾਂ ਹੈ। ਇਹਨਾਂ ਤਿੰਨ ਪੜਾਵਾਂ ਵਿੱਚੋਂ ਵਿਆਹ ਮਨੁੱਖ ਦੇ ਜੀਵਨ ਦੀ ਅਹਿਮ ਘਟਨਾ ਹੈ।ਇਸ ਵਿੱਚ ਮਨੁੱਖ ਇੱਕ ਸਮਾਜਿਕ ਰੁਤਬੇ ਵਿੱਚੋਂ ਨਿਕਲ ਕੇ ਦੂਜੇ ਸਮਾਜਿਕ ਰੁਤਬੇ ਵਿੱਚ ਪ੍ਰਵੇਸ਼ ਕਰਦਾ ਹੈ। ਉਹ ਰੁਤਬਾ ਜੋ ਉਸ ਲਈ ਨਵਾਂ ਵੀ ਹੈ ਅਤੇ ਅਨਿਸ਼ਚਿਤ ਵੀ। ਇਹ ਰਸਮ ਮਨੁੱਖ ਦੇ ਵਿਅਕਤਿਤਵ ਨੂੰ ਇੱਕ ਨਵਾਂ ਰੂਪ ਦਿੰਦੀ ਹੈ। ਪਹਿਲਾਂ ਵਿਅਕਤੀ ਸਮਾਜ ਦੁਆਰਾ ਨਿਸ਼ਚਿਤ ਕੀਤੀਆਂ ਕਦਰਾਂ-ਕੀਮਤਾਂ ਅਨੁਸਾਰ ਜ਼ਿੰਦਗੀ ਜੀਅ ਰਿਹਾ ਹੁੰਦਾ ਹੈ ,ਜਿਨ੍ਹਾਂ ਨੂੰ ਉਹ

ਆਪਣੀ ਚੇਤੰਨਤਾ ਦਾ ਅੰਗ ਬਣਾ ਲੈਂਦਾ ਹੈ ਪਰ ਵਿਆਹ ਮਗਰੋਂ ਉਸਨੂੰ ਨਵੀਆਂ ਕਦਰਾਂ-ਕੀਮਤਾਂ ਨਾਲ ਸਾਂਝ ਪਾਉਣੀ ਪੈਂਦੀ ਹੈ। ਵਿਆਹ ਪ੍ਰਕਿਰਿਆ ਉਸਦਾ ਵਰਤਮਾਨ ਵੀ ਹੈ ਅਤੇ ਭਵਿੱਖ ਵਿੱਚ ਉਸਦੀ ਨਿਰੰਤਰਤਾ ਦੀ ਤਿਆਰੀ ਵੀ। ਇੱਥੇ ਉਹ ਨਵੇਂ ਸਮਾਜਿਕ ਰੂਪ ਵਿੱਚ ਆ ਰਿਹਾ ਵਿਅਕਤੀ ਜਿਸ ਨੇ ਨਵੀਆਂ ਪਰਿਸਥਿਤੀਆਂ ਵਿੱਚ ਨਵੀਂ ਅਰਥ ਭਰਪੂਰ ਜ਼ਿੰਦਗੀ ਸ਼ੁਰੂ ਕਰਨੀ ਹੁੰਦੀ ਹੈ। ਇਸ ਲਈ ਰਸਮਾਂ ,ਗੀਤਾਂ ,ਢੋਲ-ਢਮੱਕੇ ਅਤੇ ਜੀਵਨ ਦਾਇਨੀ ਸਮੱਗਰੀ ਨਾਲ ਉਸ ਦੇ ਇਸ ਪੜਾਅ ਨੂੰ ਨੇਪਰੇ ਚਾੜ੍ਹਿਆ ਜਾਂਦਾ ਹੈ। ਜਦੋਂ ਮਨੁੱਖ ਇੱਕ ਸਮਾਜਿਕ ਸਥਿਤੀ ਤੋਂ ਦੂਜੀ ਸਮਾਜਿਕ ਸਥਿਤੀ ਵਿੱਚ ਜਾ ਰਿਹਾ ਹੁੰਦਾ ਹੈ ਤਾਂ ਇਹਨਾਂ ਰਸਮਾਂ ਅਤੇ ਗੀਤਾਂ ਦੀ ਅਦਾਇਗੀ ਨਾਲ Ritual Subject ਦੀ ਮਾਨਸਿਕਤਾ ਨੂੰ ਬਦਲਾਵ ਪ੍ਰਕਿਰਿਆ ਦੇ ਹਾਨੀਕਾਰਕ ਅਸਰਾਂ ਤੋਂ ਬਚਾਇਆ ਜਾ ਸਕਦਾ ਹੈ।

ਕਿਸੇ ਵੀ ਖਿੱਤੇ ਵਿੱਚ ਰਹਿੰਦੇ ਲੋਕ ਆਪਣੇ ਸਮਾਜ ਅਤੇ ਸੱਭਿਆਚਾਰ ਵਿੱਚ ਹੀ ਉਸਰਦੇ ਹਨ। ਲੋਕਾਂ ਦੀ ਜ਼ਿੰਦਗੀ ,ਰਸਮੋਂ-ਰਿਵਾਜ ,ਰਿਸ਼ਤੇ-ਨਾਤੇ ਉਸ ਸਮਾਜਿਕ ਪ੍ਰਬੰਧ ਅਨੁਸਾਰ ਹੀ ਉਸਰਦੇ ਹਨ। ਕਿਉਂਕਿ ਸਮਾਜਿਕ ਪ੍ਰਬੰਧ ਵਿੱਚ ਉਸਰਦੀਆਂ ਸਮਾਜਿਕ ਸਿਰਜਣਾਵਾਂ ਰਸਮਾਂ ,ਗੀਤ ,ਤਿਉਹਾਰ ,ਮਿੱਥ ਰਾਹੀਂ ਮਨੁੱਖ ਦੀ ਮਾਨਸਿਕਤਾ ਨੂੰ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਢਾਲਿਆ ਜਾਂਦਾ ਹੈ। ਸੋ ਇਹ ਸਿਰਜਣਾਵਾਂ ਸਿੱਖਿਆ ਦੇ ਅਦਾਰੇ ਬਣਦੀਆਂ ਹਨ ਪਰ ਸਿੱਖਿਆ ਦੇ ਅਦਾਰੇ ਸਮੇਂ ਪਰਿਵਰਤਨ ਦੇ ਨਾਲ-ਨਾਲ ਬਦਲਦੇ ਜਾ ਰਹੇ ਹਨ। ਭਾਸ਼ਾ ,ਸਮਾਜ ਅਤੇ ਸੱਭਿਆਚਾਰ ਮਨੁੱਖ ਦੀਆਂ ਸਿਰਜਣਾਵਾਂ ਹਨ। ਮਨੁੱਖ ਆਪਣੀ ਸੋਚਣ-ਸਮਝਣ ਸ਼ਕਤੀ ਅਤੇ ਚੇਤੰਨਤਾ ਦੇ ਅਧਾਰ ’ਤੇ ਸਮਾਜ ਨੂੰ ਦੇਖਦਾ ਹੈ ਅਤੇ ਉਹ ਸਮਾਜਿਕ ਸਿਰਜਣਾਵਾਂ ਨੂੰ ਸਮੇਂ ਅਨੁਸਾਰ ਨਵੇਂ ਅਰਥ ਦਿੰਦਾ ਰਹਿੰਦਾ ਹੈ। ਸਰੰਚਨਾਵਾਂ ਦਾ ਬਦਲਾਵ ਇਸ ਗੱਲ ’ਤੇ ਨਿਰਭਰ ਕਰਦਾ ਹੈ ਕਿ ਮਨੁੱਖ ਕਿਨ੍ਹਾਂ ਹਾਲਾਤਾਂ ਵਿੱਚ ਜ਼ਿੰਦਗੀ ਜੀਅ ਰਿਹਾ ਹੁੰਦਾ ਹੈ। ਇਹ ਬਦਲਾਵ ਉਸਦੇ ਆਲੇ-ਦੁਆਲੇ ਤੋਂ ਹੀ ਆਉਂਦਾ ਹੈ। ਮਨੁੱਖ ਦੀ ਸੋਚ ,ਵਿਚਾਰ ,ਭਾਵਨਾਵਾਂ ਅਤੇ ਜਜ਼ਬਾਤ ਉਸਨੂੰ ਲਗਾਤਾਰ ਸੋਚਣ ਪ੍ਰਕਿਰਿਆ ਵਿੱਚ ਪਾਈ ਰੱਖਦੇ ਹਨ ਅਤੇ ਉਹ ਆਪਣੀ ਜ਼ਿੰਦਗੀ ਵਿੱਚ ਪਰਿਵਰਤਨ ਲਿਆਉਂਦਾ ਰਹਿੰਦਾ ਹੈ। ਮਨੁੱਖ ਆਪਣੀ ਜ਼ਿੰਦਗੀ ਵਿੱਚ ਚੇਤੰਨਤਾ ਦੇ ਆਧਾਰ ’ਤੇ ਜੋ ਕੁੱਝ ਸਮਾਜਿਕ ਪ੍ਰਬੰਧ ਤੋਂ ਗ੍ਰਹਿਣ ਕਰਦਾ ਹੈ ,ਉਸਦੇ ਆਧਾਰ ’ਤੇ ਉਹ ਸਮੇਂ ਦੇ ਪਰਿਵਰਤਨ ਦੇ ਨਾਲ ਪਰੰਪਰਾ ਦੀਆਂ ਕੁੱਝ ਗੱਲਾਂ ਨੂੰ ਛੱਡਦਾ ਅਤੇ ਕੁੱਝ ਨਵੇਂ ਵਿਚਾਰਾਂ ਨੂੰ ਨਾਲ ਲੈ ਕੇ ਸਮੇਂ ਦੇ ਹਾਣ ਦਾ ਬਣਨ ਦੀ ਕੋਸ਼ਿਸ਼ ਕਰਦਾ ਹੈ।

ਭਾਵੇਂ ਅਜੋਕੇ ਯੁਗ ਵਿੱਚ ਰਸਮਾਂ ਦੀ ਇੱਕ ਪੂਰੀ ਲੜੀ ਵੇਖਣ ਨੂੰ ਮਿਲਦੀ ਹੈ ਪਰ ਇਸਦੇ ਅਰਥਾਂ (Significance) ਨੂੰ ਪਰੰਪਰਕ ਢਾਂਚੇ ਵਿੱਚ ਪਾ ਕੇ ਨਹੀਂ ਵੇਖਿਆ ਜਾ ਸਕਦਾ। ਰਸਮਾਂ ਦਾ ਜੋ ਪ੍ਰਬੰਧ ਮਨੁੱਖ ਨੇ ਜ਼ਿੰਦਗੀ ਜਿਉਣ ਦੇ ਅਮਲ ਵਿੱਚੋਂ ਸਿਰਜਿਆ ਸੀ ,ਜਿਸਦੇ ਪੈਟਰਨ ਵਿਭਿੰਨ ਕਿਸਮਾਂ ਦੇ ਸਾਰਾਂ (Contents) ਨੂੰ ਰੂਪਮਾਨ ਕਰਦੇ ਸਨ ,ਅੱਜ ਉਹ ਸਾਰ ਆਪਣਾ ਅਰਥ ਬਦਲ ਚੁੱਕੇ ਹਨ। ਵਿਆਹ ਦੀਆਂ ਰਸਮਾਂ ,ਜੋ ਮਨੁੱਖ ਦੀਆਂ ਭਾਵਨਾਵਾਂ ,ਜਜ਼ਬਾਤਾਂ ,ਰਿਸ਼ਤਿਆਂ ਪ੍ਰਤੀ ਦ੍ਰਿਸ਼ਟੀਕੋਣ ਨੂੰ ਸਾਹਮਣੇ ਲਿਆਉਂਦੀਆਂ ਸਨ ,ਅੱਜ ਰਿਸ਼ਤਿਆਂ ਪ੍ਰਤੀ ਉਹ ਮੋਹ ਸਾਂਝ ਇਹਨਾਂ ਵਿੱਚ ਨਜ਼ਰ ਨਹੀਂ ਆਉਂਦਾ। ਸਮਾਜਿਕ ਜ਼ਿੰਦਗੀ ਅਨੁਸਾਰ ਲੋਕਾਂ ਦੀ ਜ਼ਿੰਦਗੀ ਦੇ ਅਮਲ ਵਿੱਚੋਂ ਸਿਰਜੀਆਂ ਰਚਨਾਤਮਕ ਸਿਰਜਣਾਵਾਂ ਵਿੱਚ ਬਦਲ ਰਹੀ ਲੋਕਾਂ ਦੀ ਜੀਵਨ ਸ਼ੈਲੀ ਅਤੇ ਰਹਿਤਲ ਅਨੁਸਾਰ ਪਰਿਵਰਤਨ ਆ ਰਿਹਾ ਹੈ। ਲੋਕ-ਧਾਰਾ ਇੱਕ ਅਜਿਹਾ ਵਰਤਾਰਾ ਹੈ ਜਿਸ ਵਿੱਚ ਮਨੁੱਖ ਸਮੇਂ-ਸਮੇਂ ਦਖ਼ਲਅੰਦਾਜ਼ੀ ਕਰਕੇ ਉਸਨੂੰ ਨਵੇਂ ਅਰਥ ਦਿੰਦਾ ਹੈ। ਸੋ ਰਸਮਾਂ ਨੂੰ ਅੱਜ ਦੇ ਸੰਦਰਭ ਵਿੱਚ ਸਮਝਣ ਲਈ ਸਮੁੱਚਾ ਪੈਰਾਡਾਈਮ (Paradigm Shift) ਦੀ ਲੋੜ ਹੈ।

ਰਸਮਾਂ ਬਾਰੇ ਇੱਕ ਗੱਲ ਵਿਸ਼ੇਸ਼ ਧਿਆਨ ਦੇਣ ਯੋਗ ਹੈ ਕਿ ਇਹ ਰਸਮਾਂ ਸੈਂਕੜੇ ਸਾਲਾਂ ਤੋਂ ਮਨੁੱਖ ਦੀ ਸਮਾਜਿਕ ਜ਼ਿੰਦਗੀ ਅਤੇ ਮਾਨਸਿਕਤਾ ਦਾ ਅੰਗ ਬਣ ਕੇ ਅੱਜ ਤੱਕ ਤੁਰੀਆਂ ਆ ਰਹੀਆਂ ਹਨ। ਭਾਵੇਂ ਅੱਜ ਸਮਾਜਿਕ ਜ਼ਿੰਦਗੀ ਦਾ ਯਥਾਰਥ ਬਦਲ ਰਿਹਾ ਹੈ ,ਮਨੁੱਖ ਦੇ ਹਾਲਾਤ ਉਸ ਅਨੁਸਾਰ ਬਦਲਦੇ ਜਾ ਰਹੇ ਹਨ ਪਰ ਸੈਂਕੜੇ ਸਦੀਆਂ ਤੋਂ ਬਣੀ ਮਨੁੱਖ ਦੀ ਮਾਨਸਿਕਤਾ ਹਾਲਾਤ ਤੋਂ

ਹਮੇਸ਼ਾਂ ਪਿੱਛੇ ਰਹਿੰਦੀ ਹੈ। ਇਸ ਲਈ ਜ਼ਿੰਦਗੀ ਦਾ ਯਥਾਰਥ ਬਦਲਣ ਦੇ ਬਾਵਜੂਦ ਵੀ ਮਨੁੱਖ ਦੇ ਵਿਚਾਰ ਨਹੀਂ ਬਦਲਦੇ। ਜ਼ਿੰਦਗੀ ਦੇ ਯਥਾਰਥ ਅਨੁਸਾਰ ਆਪਣੇ ਹਾਲਾਤ ਨੂੰ ਬਦਲਣ ਦੀ ਸੰਭਾਵਨਾ ਕੇਵਲ ਸਮਾਜ ਵਿੱਚ ਬੁੱਧੀਜੀਵੀ ਵਰਗ ਕੋਲ ਹੁੰਦੀ ਹੈ ਜੋ ਆਪਣੀ ਚੇਤੰਨਤਾ ਦੇ ਆਧਾਰ ’ਤੇ ਸਮਾਜ ਵਿੱਚ ਆ ਰਹੇ ਪਰਿਵਰਤਨ ਨੂੰ ਦੇਖਦਾ ਹੈ ਅਤੇ ਚੇਤੰਨ ਹੋ ਕੇ ਉਸਨੂੰ ਆਪਣੀ ਜ਼ਿੰਦਗੀ ਵਿੱਚ ਸਵੀਕਾਰਦਾ ਹੈ। ਸਾਧਾਰਨ ਮਨੁੱਖ ਆਪਣੀ ਜ਼ਿੰਦਗੀ ਵਿੱਚ ਤਾਂ ਪਰਿਵਰਤਨ ਲਿਆ ਰਿਹਾ ਹੈ ਪਰ ਹਾਲਾਤ ਬਦਲਣ ਨਾਲ ਉਸਦੀ ਸਦੀਆਂ ਤੋਂ ਚਲੀ ਆ ਰਹੀ ਸੋਚ ਵਿੱਚ ਬਹੁਤ ਘੱਟ ਪਰਿਵਰਤਨ ਆਇਆ ਹੈ। ਅਤੇ ਸਮਾਜ ਵਿੱਚ ਬਹੁਤੀ ਗਿਣਤੀ ਉਹਨਾਂ ਲੋਕਾਂ ਦੀ ਹੈ ਜੋ ਸਮੇਂ ਦੇ ਢਾਂਚੇ ਅਨੁਸਾਰ ਹੀ ਜ਼ਿੰਦਗੀ ਜਿਉਂਦੇ ਹਨ। ਇਸ ਖੋਜ-ਪੱਤਰ ਵਿੱਚ ਅਸੀਂ ਇਹ ਦੇਖਣ ਦੀ ਕੋਸ਼ਿਸ਼ ਕਰਾਂਗੇ ਕਿ ਉਹ ਕਿਹੜੀਆਂ ਰਸਮਾਂ ਹਨ ਜੋ ਅੱਜ ਵੀ ਅਦਾ ਕੀਤੀਆਂ ਜਾ ਰਹੀਂ ਹਨ। ਇਹਨਾਂ ਰਸਮਾਂ ਦੀ ਅਦਾਇਗੀ ਦੇ ਸੰਦਰਭ ਕੀ ਹਨ ਅਤੇ ਉਹ ਕਿਹੜੀਆਂ ਰਸਮਾਂ ਹਨ ਜੋ ਪੱਛਮੀਕਰਨ ਦੇ ਪ੍ਰਭਾਵ ਹੇਠ ਆ ਕੇ ਮਨੁੱਖ ਆਪਣੀ ਜ਼ਿੰਦਗੀ ਵਿੱਚ ਜੋੜੀ ਜਾ ਰਿਹਾ ਹੈ।

ਸਮੁੱਚੇ ਤੌਰ ’ਤੇ ਅੱਜੋਕੀ ਜ਼ਿੰਦਗੀ ਵਿੱਚ ਹੋ ਰਹੀ ਰਸਮਾਂ ਦੀ ਅਦਾਇਗੀ ਜਿੱਥੇ ਇੱਕ ਪਾਸੇ ਆਧੁਨਿਕ ਮਨੁੱਖ ਨੂੰ ਪੇਸ਼ ਕਰ ਰਹੀ ਹੈ ਉੱਥੇ ਦੂਜੇ ਪਾਸੇ ਉਸਦੀ ਮਾਨਸਿਕਤਾ ਨੂੰ ਵੀ ਸਾਹਮਣੇ ਲਿਆ ਰਹੀ ਹੈ ਜੋ ਪਰੰਪਰਾਗਤ ਤੌਰ ’ਤੇ ਉਸਦਾ ਇੱਕ ਅੰਗ ਬਣੀ ਹੋਈ ਹੈ। ਆਧੁਨਿਕਤਾ ਦੇ ਬਾਵਜੂਦ ਵੀ ਸਮਾਜ ਦਾ ਬਹੁਗਿਣਤੀ ਵਰਗ ਜਿਸ ਨੂੰ ਬਦਲ ਨਹੀਂ ਸਕਿਆ। ਪਰ ਸਮਾਜਿਕ ਹਾਲਾਤ ਬਦਲਣ ਨਾਲ ਰਸਮਾਂ ਵਿੱਚ ਪਰਿਵਰਤਨ ਆਉਣਾ ਸੁਭਾਵਿਕ ਹੈ।

ਪਿਛਲੇ ਸਮੇਂ ਤੋਂ ਜਿਉਂ-ਜਿਉਂ ਮਸ਼ੀਨੀਕਰਨ ਅਤੇ ਆਧੁਨਿਕੀਕਰਨ ਹੋ ਰਿਹਾ ਹੈ ,ਉਸ ਨਾਲ ਪੁਰਾਣੀ ਜ਼ਿੰਦਗੀ ਦੀ ਜੀਵਨ ਸ਼ੈਲੀ ਬਦਲ ਰਹੀ ਹੈ। ਮਨੁੱਖ ਦੀ ਜ਼ਿੰਦਗੀ ਵਿੱਚ 1990ਤੋਂ ਬਾਅਦ ਵਿਸ਼ਵੀਕਰਨ ਦੇ ਝੱਖੜ ਰਾਹੀਂ ਸੈਟੇਲਾਈਟ ,ਟੀ.ਵੀ .ਅਤੇ ਮਾਸ ਮੀਡੀਆ ਜਿਹੇ ਮਨੋਰੰਜਨ ਦੇ ਸਾਧਨ ਹੋਂਦ ਵਿੱਚ ਆਉਣ ਕਰਕੇ ਉਸ ਕੋਲੋਂ ਪੁਰਾਣੀਆਂ ਚੀਜ਼ਾਂ ਅਲੋਪ ਹੋ ਰਹੀਆਂ ਹਨ। ਇਸ ਵਿਕਾਸ ਨੇ ਮਨੁੱਖੀ ਜ਼ਿੰਦਗੀ ਅਤੇ ਉਸਦੇ ਰਿਸ਼ਤਿਆ ਉੱਤੇ ਮਾਰੂ ਅਸਰ ਪਾਇਆ ਹੈ। ਪਰੰਪਰਾ ਨਾਲ ਜੁੜੀ ਜ਼ਿੰਦਗੀ ਜਿਸ ਵਿੱਚ ਰਸਮਾਂ ਦੀ ਅਦਾਇਗੀ ਕਈ-ਕਈ ਦਿਨ ਪਹਿਲਾਂ ਸ਼ੁਰੂ ਹੋ ਜਾਂਦੀ ਸੀ ,ਉਹ ਰਸਮਾਂ ਜਿਨ੍ਹਾਂ ਵਿੱਚ ਰਿਸ਼ਤਿਆਂ ਦਾ ਇੱਕ ਤਾਣਾ-ਬਾਣਾ ਉੱਘੜ ਕੇ ਸਾਹਮਣੇ ਆਉਂਦਾ ਸੀ। ਇਸ ਮੌਕੇ ’ਤੇ ਦਿੱਤੀਆਂ ਜਾਣ ਵਾਲੀਆਂ ਸਿੱਠਣੀਆਂ ਰਾਹੀਂ ਹਰ ਰਿਸ਼ਤੇ ਨਾਲ ਬੜੇ ਖੁੱਲ੍ਹ ਕੇ ਮਜ਼ਾਕ ਕੀਤੇ ਜਾਂਦੇ ਸੀ ,ਸਾਲੀਆਂ ਛੰਦਾਂ ਰਾਹੀਂ ਨਵੇਂ ਬਣੇ ਜੀਜੇ ਦੀ ਪਰੀਖਿਆ ਲੈਂਦੀਆਂ ਸਨ। ਇਹ ਰਸਮਾਂ ਦਾ ਹੀ ਇੱਕ ਹਿੱਸਾ ਸਨ ਤੇ ਜਿਨ੍ਹਾਂ ਦਾ ਬੁਰਾ ਨਹੀਂ ਸੀ ਮਨਾਇਆ ਜਾਂਦਾ ਬਲਕਿ ਇਸ ਵਿੱਚ ਵੀ ਇੱਕ ਅਪਣੱਤ ਇੱਕ ਸਾਂਝ ਨਜ਼ਰ ਆਉਂਦੀ ਸੀ। ਪਰ ਨਾ ਤਾਂ ਉਹ ਹਾਸੇ-ਠੱਠੇ ਵਾਲੀ ਰਸਮ ਰਹੀ ਤੇ ਨਾ ਹੀ ਇਸ ਨੂੰ ਜਰਨ ਦਾ ਜੇਰਾ। ਅੱਜ ਉਹ ਪਰਿਵਾਰਕ ਸਾਂਝ ਜਿਸ ਵਿੱਚ ਬੈਠ ਕੇ ਗੀਤ ਗਾਏ ਜਾਂਦੇ ਸੀ ,ਰਿਸ਼ਤਿਆਂ ਦਾ ਉਹ ਤਾਣਾ-ਬਾਣਾ ਟੁੱਟ ਰਿਹਾ ਹੈ। ਸੱਭਿਆਚਾਰਕ ਪਰੰਪਰਾਵਾਂ ’ਤੇ ਪੱਛਮੀ ਸੱਭਿਅਤਾ ਦੀ ਸਿੱਖਿਆ ਪ੍ਰਣਾਲੀ ਨੇ ਕਾਫੀ ਅਸਰ ਪਾਇਆ ਹੈ। ਜਿਸ ਨਾਲ ਪੰਜਾਬੀ ਸਮਾਜ ਦਾ ਹੌਲੀ-ਹੌਲੀ ਪੱਛਮੀਕਰਨ ਹੁੰਦਾ ਜਾ ਰਿਹਾ ਹੈ।

ਪਰੰਪਰਕ ਸਮਾਜ ਵਿੱਚ ਜਦੋਂ ਕੁੜੀ ਦੀ ਛੋਟੀ ਉਮਰ ਵਿੱਚ ਮੰਗਣੀ ਤੇ ਵਿਆਹ ਕਰ ਦਿੱਤਾ ਜਾਂਦਾ ਸੀ। ਅੱਜ ਉਸ ਉਮਰ ਦੀਆਂ ਕੁੜੀਆਂ ਸਕੂਲ ਜਾ ਰਹੀਆਂ ਹਨ ,ਘਰ ਦੀ ਚਾਰ-ਦੀਵਾਰੀ ਤੋਂ ਬਾਹਰ ਨਿਕਲ ਕੇ ਜ਼ਿੰਦਗੀ ਨੂੰ ਆਪਣੇ ਨਜ਼ਰੀਏ ਨਾਲ ਦੇਖ ਰਹੀਆਂ ਹਨ। ਉਹ ਸਹਿ-ਸਿਖਿਅਕ ਅਦਾਰਿਆਂ ਵਿੱਚ ਸਿੱਖਿਆ ਹਾਸਲ ਕਰ ਰਹੀਂ ਹਨ ਅਤੇ ਮਰਦ ਦੇ ਬਰਾਬਰ ਕੰਮ ਕਰ ਰਹੀਆਂ ਹਨ। ਇਹਨਾਂ ਤੱਥਾਂ ਤੋਂ ਇਹ ਗੱਲ ਸਪਸ਼ਟ ਤੌਰ ’ਤੇ ਸਾਹਮਣੇ ਆਉਂਦੀ ਹੈ ਕਿ ਪਰੰਪਰਕ ਸਮਾਜ ਵਿੱਚ ਹਦਬੰਦੀਆਂ ਵਿੱਚ ਬੱਝੀ ਕੁੜੀ ਲਈ ਜੋ ਰਸਮਾਂ ਅਤੇ ਗੀਤ ਉਸਦੀ ਪਹਿਲਾਂ ਤੋਂ ਤੈਅ ਕੀਤੀ ਮਾਨਸਿਕਤਾ ਨੂੰ ਅਗਲੇ ਸਮਾਜਿਕ ਰੋਲ ਲਈ ਹੌਲੀ-ਹੌਲੀ ਤਿਆਰ ਕਰਦੀਆਂ ਸਨ। ਅੱਜ ਇਹ ਸੰਦਰਭ ਬਦਲਣੇ ਲਾਜ਼ਮੀ ਸੀ। ਪਰ ਹਾਂ ਅੱਜ ਵੀ ਸਮਾਜ ਦਾ ਆਰਥਿਕ ਤੇ ਮਾਨਸਿਕ ਪੱਖੋਂ ਪਿਛੜਿਆ

ਇੱਕ ਵਰਗ ਹੈ ਜੋ ਇਹਨਾਂ ਰਸਮਾਂ ਨੂੰ ਆਪਣੇ ਅੰਦਰ ਸਾਂਭੀ ਬੈਠਾ ਹੈ ਕਿਉਂਕਿ ਉੱਥੇ ਅੱਜ ਵੀ ਔਰਤ ਪਹਿਲਾਂ ਦੀ ਤਰ੍ਹਾਂ ਹੀ ਜ਼ਿੰਦਗੀ ਵਤੀਤ ਕਰ ਰਹੀ ਹੈ।

ਔਰਤ ਅੱਜ ਸਿੱਖਿਆ ਦੇ ਖੇਤਰ ਵਿੱਚ ਬੁਲੰਦੀਆਂ ਹਾਲਸ ਕਰ ਰਹੀ ਹੈ। ਉਸ ਲਈ ਵਿਆਹ ਨਾਲੋਂ ਆਪਣੀ ਜ਼ਿੰਦਗੀ ਵਿੱਚ ਕੁੱਝ ਬਨਣ ,ਕੁੱਝ ਕਰ ਵਿਖਾਉਣ ਦੀ ਇੱਛਾ ਵੱਧ ਹੈ। ਸੋ ਉਚੇਰੀ ਸਿੱਖਿਆ ਹਾਸਲ ਕਰਨ ਕਰਕੇ ਉਸਦੀ ਵਿਆਹ ਯੋਗ ਉਮਰ ਵੀ ਵੱਧ ਗਈ ਹੈ। ਵਿਆਹ ਇੱਕ ਪਰਿਵਾਰਕ ਪ੍ਰਕਾਰਜ ਹੈ। ਪਹਿਲਾਂ ਵਿਆਹ ਨਾਈ ਕਰਾਉਂਦੇ ਸੀ। ਮੁੰਡੇ ਜਾਂ ਕੁੜੀ ਤੋਂ ਕੋਈ ਹਾਮੀ ਨਹੀਂ ਸੀ ਭਰਵਾਈ ਜਾਂਦੀ ਅਤੇ ਵਿਆਹ ਹੋਣ ਮਗਰੋਂ ਹੀ ਉਹ ਇੱਕ ਦੂਜੇ ਨੂੰ ਦੇਖਦੇ ਸਨ। ਅੱਜ ਵੀ ਰਿਸ਼ਤੇ ਭਾਵੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਹੀ ਕਰਾ ਰਹੇ ਹਨ ਪਰ ਸਮੇਂ ਅਨੁਸਾਰ ਮਨੁੱਖ ਨੇ ਆਪਣੀ ਚੋਣ ਦਾ ਦਾਇਰਾ ਵਧਾ ਦਿੱਤਾ ਹੈ। ਅੱਜ ਮੈਰਿਜ ਬਿਉਰੋ ਜਾਂ ਅਖ਼ਬਾਰਾਂ ਵਿੱਚ ਦਿੱਤੇ ਮੈਟ੍ਰੀਮੋਨੀਅਲ ਰਾਹੀਂ ਵਧੇਰੇ ਰਿਸ਼ਤੇ ਕੀਤੇ ਜਾਂਦੇ ਹਨ। ਪਹਿਲਾਂ ਜੋ ਬਾਇਓਡਾਟਾ ਸਿਰਫ਼ ਨੌਕਰੀ ਲੈਣ ਲਈ ਬਣਾਏ ਜਾਂਦੇ ਸਨ ਅੱਜ ਉਹ ਵਿਆਹ ਕਰਾਉਣ ਲਈ ਵੀ ਵਰਤੇ ਜਾ ਰਹੇ ਹਨ। ਪਰ ਪਰੰਪਰਾ ਵਿੱਚ ਪਈ ਮਨੁੱਖ ਦੀ ਮਾਨਸਿਕ ਸੋਚ ਕਰਕੇ ਅੱਜ ਵੀ ਰਿਸ਼ਤਾ ਪਰਿਵਾਰ ਦਾ ਮੁਖੀ ਹੀ ਤੈਅ ਕਰਦਾ ਹੈ ਪਰ ਅੱਜ ਰਿਸ਼ਤੇ ਦੀ ਗੱਲ ਆਰਥਿਕਤਾ ਨੂੰ ਮੁੱਖ ਰੱਖ ਕੇ ਅੱਗੇ ਤੋਰੀ ਜਾਂਦੀ ਹੈ। ਪਹਿਲਾਂ ਜੋ ਅਹਿਮੀਅਤ ਰਿਸ਼ਤਿਆਂ ਨੂੰ ਦਿੱਤੀ ਜਾਂਦੀ ਸੀ ਅੱਜ ਜ਼ਿੰਦਗੀ ਵਿੱਚੋਂ ਰਿਸ਼ਤਿਆਂ ਦੇ ਭਾਵ-ਅਰਥ ਖ਼ਤਮ ਹੋਣ ਕਰਕੇ ਆਰਥਿਕਤਾ ਨੂੰ ਪਹਿਲ ਦਿੱਤੀ ਜਾਣ ਲੱਗ ਪਈ ਹੈ। ਅੱਜ ਦੀ ਪੀੜ੍ਹੀ ਤਾਂ ਆਪ ਹੀ ਕਿਸੇ ਸਾਈਟ ’ਤੇ ਆਪਣੀ ਪ੍ਰੋਫਾਇਲ ਪਾ ਕੇ ਆਪਣੇ ਲਈ ਯੋਗ ਵਰ ਲੱਭ ਲੈਂਦੀ ਹੈ ,ਤੇ ਅਨੁਕੂਲਤਾ ਮਿਲਣ ’ਤੇ ਆਪਣੇ ਘਰਦਿਆਂ ਨਾਲ ਨਿਝੱਕ ਹੋ ਕੇ ਗੱਲ ਕਰਦੀ ਹੈ। ਸੋ ਅੱਜ ਰਿਸ਼ਤੇ ਲੱਭਣ ਦੀ ਸ਼ੁਰੂਆਤ ਦੀ ਕਾਰਜਵਿਧੀ ਹੀ ਇੱਕ ਵੱਖਰਾ ਰੂਪ ਧਾਰਨ ਕਰ ਗਈ ਹੈ।

ਅੱਜ ਦੀ ਨੌਜੁਆਨ ਪੀੜ੍ਹੀ ਪੜ੍ਹੀ ਲਿਖੀ ਹੋਣ ਕਰਕੇ ਆਪਣੇ ਪਿਤਾ ਪੁਰਖੀ ਕਿੱਤਿਆਂ ਦੀ ਨਿਰੰਤਰਤਾ ਨੂੰ ਕਾਇਮ ਨਹੀਂ ਰੱਖ ਪਾਂਦੀ। ਸੋ ਪੀੜ੍ਹੀ-ਦਰ-ਪੀੜ੍ਹੀ ਚਲੀ ਆ ਰਹੀ ਕਿੱਤਿਆਂ ਦੀ ਨਿਰੰਤਰਤਾ ਦੇ ਆਧਾਰ ਟੁੱਟਣ ਨਾਲ ਜਾਤਾਂ ਵਿਚਲੀ ਦਰਜਾਬੰਦੀ ਵੀ ਘੱਟਦੀ ਜਾ ਰਹੀ ਹੈ। ਬੱਚੇ ਸਿੱਖਿਆ ਹਾਸਲ ਕਰਕੇ ਚੰਗੀਆਂ ਥਾਵਾਂ ’ਤੇ ਨੌਕਰੀ ਕਰ ਰਹੇ ਹਨ ਸੋ ਰਿਸ਼ਤਿਆਂ ਦਾ ਆਧਾਰ ਦਰਜਾਬੰਦੀ ਨਾ ਹੋ ਕੇ ਅਨੁਕੂਲਤਾ ਬਣ ਗਈ ਹੈ।

ਸੋ ਆਧੁਨਿਕਤਾ ਕਰਕੇ ਜ਼ਿੰਦਗੀ ਕਾਰਨ ਰਸਮਾਂ ਆਪਣੇ ਪਹਿਲੇ ਭਾਵ-ਅਰਥ ਗਵਾ ਰਹੀਆਂ ਹਨ। ਅੱਜ-ਕੱਲ੍ਹ ਵਿਆਹ ਵਿਚਲਾ ਸਮਾਂ ਘੱਟ ਗਿਆ ਹੈ। ਗੀਤਾਂ ਦੀ ਲੜੀ ਜੋ ਕਈ ਦਿਨਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਸੀ ਅੱਜ ਉਸ ਦੀ ਥਾਂ ਲੇਡੀ ਸੰਗੀਤ ਨੇ ਲੈ ਲਈ ਹੈ। ਪੰਜ ਕੁ ਸੁਹਾਗ ਜਾਂ ਘੋੜੀਆਂ ਬੋਲ ਕੇ ਗੀਤਾਂ ਦਾ ਰੁੱਖ ਬਦਲ ਜਾਂਦਾ ਹੈ। ਅੱਜ ਲੇਡੀ ਸੰਗੀਤ ਵੀ ਇੱਕ ਡੀ.ਜੇ .ਪਾਰਟੀ ਬਣ ਕੇ ਰਹਿ ਗਈ ਹੈ।

ਬਦਲ ਰਹੀ ਸਮਾਜਿਕ ਜ਼ਿੰਦਗੀ ਕਾਰਨ ਕੁੱਝ ਕੁ ਰਸਮਾਂ ਅਲੋਪ ਹੋ ਰਹੀਆਂ ਹਨ ਜਿਵੇਂ ਮੁਕਲਾਵੇ ਦੀ ਰਸਮ ,ਚੱਕੀ ਨਾਲ ਜੁੜੀਆਂ ਰਸਮਾਂ ਆਦਿ। ਪਰ ਅੱਜ ਵੀ ਮੁੰਡਾ ਘੋੜੀ ਚੜਦਾ ਹੈ ਅਤੇ ਕੁੜੀ ਬੂਹੇ ਆਈ ਜੰਞ ਲੁਕ ਕੇ ਵੇਖਦੀ ਹੈ। ਅੱਜ ਸਾਰੀਆਂ ਰਸਮਾਂ ਸਿਰਫ਼ ਸ਼ਗਨ ਦੇ ਨਾਂ ਹੇਠ ਹੀ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਛੰਦਲੀਆਂ ਦੀ ਰਸਮ ਸਮੇਂ ਜੋ ਕੁੜੀ ਇੱਕ ਥਾਂ ਹੀ ਬੈਠੀ ਛੰਦਲੀਆਂ ਦੇ ਦੀਵੇ ਨੂੰ ਤੱਕਦੀ ਰਹਿੰਦੀ ਸੀ ਅੱਜ ਉਸ ਸਮੇਂ-ਸਮੇਂ ਤੇ ਵਿਆਹ ਦੀ ਤਿਆਰੀ ਲਈ ਪਾਰਲਰ ਜਾ ਰਹੀ ਹੈ। ਚੂੜਾ ਜੋ ਕੁੜੀ ਦੇ ਮਾਮੇ ਲਿਆਉਂਦੇ ਸਨ ਅਤੇ ਜਿਸ ਨੂੰ ਉਹ ਚੂੜੇ ਦੀ ਰਸਮ ਸਮੇਂ ਹੀ ਦੇਖਦੀ ਸੀ। ਅੱਜ ਉਹ ਆਪ ਜਾ ਕੇ ਉਸਨੂੰ ਖਰੀਦਦੀ ਹੈ ਅਤੇ ਲਿਆ ਕੇ ਆਪਣੇ ਮਾਮੇ ਨੂੰ ਦੇ ਦਿੰਦੀ ਹੈ। ਪਹਿਲਾਂ ਜੋ ਸਮਾਜ ਸਾਕਾਦਾਰੀ ਪ੍ਰਬੰਧ ਵਿੱਚ ਬੱਝਿਆ ਹੋਣ ਕਰਕੇ ਵਿਆਹ ਸ਼ਾਦੀ ਦੇ ਮੌਕਿਆਂ ’ਤੇ ਇਕੱਠਾ ਹੁੰਦਾ ਸੀ ਪਰ ਅੱਜ ਵਿਆਹ ਘਰ ਤੋਂ ਬਾਹਰ ਮੈਰਿਜ ਪੈਲਸ ਵਿੱਚ ਹੋਣ ਕਰਕੇ ਸਾਕਾਦਾਰੀ ਦੇ ਇਕੱਠ ਦੀ ਬਜਾਏ ਦੋਸਤਾਂ-ਮਿਤੱਰਾਂ ਦੀ ਸ਼ਮੂਲੀਅਤ ਵਧੇਰੇ ਹੋਣ ਲੱਗ ਪਈ ਹੈ। ਅੱਜ ਦਾ ਮਨੁੱਖ ਆਪਣੀ ਸਹੂਲੀਅਤ ਅਤੇ ਜ਼ਰੂਰਤ ਅਨੁਸਾਰ

ਸਮਾਜਿਕ ਸਰੋਕਾਰਾਂ ਵਿੱਚ ਬਦਲਾਵ ਲਿਆ ਰਿਹਾ ਹੈ। ਵਿਆਹ ਦੀ ਮੁੱਖ ਰਸਮ ਲਾਵਾਂ ਜਾਂ ਫੇਰੇ ਜੋ ਧਾਰਮਿਕ ਸਥਾਨ ’ਤੇ ਕੀਤੇ ਜਾਂਦੇ ਹਨ ਜੋ ਇਸ ਕਾਰਜ ਦੀ ਮੁੱਖ ਰਸਮ ਹੈ ,ਵਿੱਚ ਬਹੁਤ ਹੀ ਘੱਟ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ। ਤਾਂ ਇੰਝ ਲੱਗਦਾ ਹੈ ਜਿਵੇਂ ਇਸ ਰਸਮ ਦਾ ਵੀ ਇੱਕ ਸ਼ਗਨ ਮਾਤਰ ਹੀ ਕੀਤਾ ਗਿਆ ਹੈ। ਵਿਦੇਸ਼ਾਂ ਵਿੱਚ ਜਾਣ ਦੀ ਹੋੜ ਹੋਣ ਕਰਕੇ ਵਿਆਹ ਤੋਂ ਬਾਅਦ ਰਜਿਸਟਰ ’ਤੇ ਵਿਆਹੇ ਜੋੜੇ ਦੇ ਦਸਤਖ਼ਤ ਲਏ ਜਾਂਦੇ ਹਨ ,ਤਾਂ ਜੋ ਕਾਗਜ ਬਣਵਾਉਣ ਲੱਗਿਆ ਕੋਈ ਪਰੇਸ਼ਾਨੀ ਨਾ ਆਵੇ।

ਅੱਜ ਵੱਖ-ਵੱਖ ਖਿੱਤਿਆਂ ਦੇ ਲੋਕਾਂ ਦੇ ਇਕੱਠਿਆਂ ਰਹਿਣ ਨਾਲ ਸੱਭਿਆਚਾਰ ਦਾ ਇੱਕ ਨਵਾਂ ਰੂਪ ਸਾਹਮਣੇ ਆ ਰਿਹਾ ਹੈ। ਅੱਜ ਦੀ ਪਦਾਰਥਵਾਦੀ ਸੋਚ ਨੇ ਰਸਮਾਂ ਨੂੰ ਪੂਰੀ ਤਰ੍ਹਾਂ Consumer Culture ਦਾ ਅੰਗ ਬਣਾ ਦਿੱਤਾ ਹੈ। ਇਹਨਾਂ ਸਮਾਂ ਵਿੱਚ ਪ੍ਰਦਰਸ਼ਨਕਾਰੀ ਵੱਧ ਹਾਵੀ ਹੋ ਰਹੀ ਹੈ ,ਬਜਾਏ ਕਿ ਇਹਨਾਂ ਦੀ ਸਾਰਥਕਤਾ ਦੇ। ਇਹੀ ਕਾਰਨ ਹੈ ਕਿ ਅੱਜ ਪੰਜਾਬ ਦੇ ਵੱਖ-ਵੱਖ ਖਿੱਤਿਆਂ ਦੀ ਰਸਮਾਂ ਵੀ ਰਲ-ਗੱਡ ਹੋ ਗਈਆਂ ਹਨ। ਅੱਜ ਉਹ ਰਸਮਾਂ ਵਧੇਰੇ ਕੀਤੀਆਂ ਜਾ ਰਹੀਆਂ ਹਨ ਜੋ ਵੇਖਣ ਵਿੱਚ ਆਕਰਸ਼ਕ ਲੱਗਣ। ਮੰਗਣੀ ਅਤੇ ਸ਼ਗਨ ਅਜਿਹੀਆਂ ਰਸਮਾਂ ਹਨ ਜਿਹਨਾਂ ਰਾਹੀਂ ਮਨੁੱਖ ਸਮਾਜ ਵਿੱਚ ਆਪਣੀ ਪਾਵਰ ਅਤੇ ਰੁਤਬੇ ਦਾ ਪ੍ਰਦਰਸ਼ਨ ਕਰਦਾ ਹੈ।

ਪਰ ਅੱਜ ਔਰਤ ਭਾਵੇਂ ਆਰਥਿਕ ਤੌਰ ’ਤੇ ਆਤਮ ਨਿਰਭਰ ਹੋ ਗਈ ਹੈ ਪਰ ਫਿਰ ਵੀ ਸਮਾਜ ਦੀਆਂ ਜੜ੍ਹਾਂ ਵਿੱਚ ਵੱਸੀ ਪਰੰਪਰਕ ਸੋਚ ਅਨੁਸਾਰ ਉਸਦਾ ਦਰਜਾ ਮਰਦ ਨਾਲੋਂ ਨੀਵਾਂ ਹੀ ਹੈ। ਇਸ ਲਈ ਉਸਦੀ ਹੋਂਦ ਅੱਜ ਵੀ ਦਾਜ ਨਾਲ ਜੋੜ ਕੇ ਹੀ ਦੇਖੀ ਜਾਂਦੀ ਹੈ ,ਤੇ ਕਿਤੇ ਉਸਦੀ ਕਾਬਲੀਅਤ ਅਤੇ ਗੁਣਾਂ ਨੂੰ ਅੱਖੋਂ ਪਰੋਖੇ ਰੱਖਿਆ ਜਾਂਦਾ ਹੈ। ਔਰਤ ਨੂੰ ਅੱਜ ਵੀ ਇੱਕ ਲੈਣ-ਦੇਣ ਦੀ ਵਸਤੂ ਵਜੋਂ ਹੀ ਲਿਆ ਜਾਂਦਾ ਹੈ। ਉਸਦੀ ਵਿਅਕਤੀਗਤ ਹੋਂਦ ਨੂੰ ਰੱਦ ਕਰਕੇ ਇੱਕ ਸਹਿਹੋਂਦ ਵਜੋਂ ਦੇਖਿਆ ਜਾਂਦਾ ਹੈ। ਸੋ ਅਸੀਂ ਕਹਿ ਸਕਦੇ ਹਾਂ ਕਿ ਸੱਭਿਆਚਾਰਕ ਪਰੰਪਰਾਵਾਂ ਜਦੋਂ ਪੱਛਮੀਕਰਣ ਦੇ ਅਸਰ ਹੇਠ ਆਉਂਦੀਆਂ ਹਨ ਤਾਂ ਉਹਨਾਂ ਦਾ ਕੁੱਝ ਹਿੱਸਾ ਘਟਣ ਤੇ ਕੁੱਝ ਅਲੋਪ ਹੋਣ ਲੱਗ ਜਾਂਦਾ। ਕਿਉਂਕਿ ਇਹ ਕੁਦਰਤ ਦਾ ਨਿਯਮ ਹੈ ਕਿ ਜੋ ਵਸਤੂ ਵਰਤੋਂ-ਵਿਹਾਰ ਦਾ ਹਿੱਸਾ ਨਹੀਂ ਬਣਦੀ ਉਹ ਹੌਲੀ-ਹੌਲੀ ਅਲੋਪ ਹੋਣ ਲੱਗ ਜਾਂਦੀ ਹੈ। ਪਰ ਪਰੰਪਰਾ ਤੋਂ ਮਨੁੱਖ ਦੀ ਮਾਨਸਿਕਤਾ ਵਿੱਚ ਪਈ ਸੋਚ ਵੀ ਨਾਲੋਂ ਨਾਲ ਚਲਦੀ ਰਹਿੰਦੀ ਹੈ।

## ਹਵਾਲੇ ਤੇ ਟਿੱਪਣੀਆਂ

1. ਕਰਨੈਲ ਸਿੰਘ ਥਿੰਦ ,ਲੋਕਯਾਨ ਅਧਿਐਨ
2. ਸੁਰਜੀਤ ਸਿੰਘ ,ਗਲੋਬਲ ਪਰਿਪੇਖ ਵਿੱਚ ਸੱਭਿਆਚਾਰ ਅਧਿਐਨ ਦੇ ਦ੍ਰਿਸ਼ਟੀਕੋਣ
3. J. Sarter, Being and Nothingness